ਸਥਾਈ ਮੁਖ਼ਤਿਆਰ-ਨਾਮਾ

ਇੱਕ ਅਟਾਰਨੀ ਹੋਣ ਦਾ ਕੀ ਮਤਲਬ ਹੁੰਦਾ ਹੈ?

ਜੀਵਨ ਛਿਣ-ਭੰਗਰੀ ਹੋ ਸਕਦਾ ਹੈ – ਇੱਕ ਅਟਾਰਨੀ ਹੋਣ ਦੇ ਨਾਤੇ ਤੁਹਾਡੇ 'ਤੇ ਕਿਸੇ ਦੇ ਭਵਿੱਖ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਹੈ, ਜੇ ਉਹ ਆਪਣੇ-ਆਪ ਬਾਰੇ ਫ਼ੈਸਲਾ ਨਹੀਂ ਕਰ ਸਕਦੇ।

ਇਸ ਦਾ ਕੀ ਅਰਥ ਹੈ ਜੇ ਕੋਈ ਤੁਹਾਨੂੰ ਇੱਕ ਸਥਾਈ ਮੁਖ਼ਤਿਆਰ-ਨਾਮਾ (ਈ ਪੀ ਏ-EPA) ਦਿੰਦਾ ਹੈ?

ਇੱਕ ਸਥਾਈ ਮੁਖ਼ਤਿਆਰ-ਨਾਮਾ (ਈ ਪੀ ਏ) ਇੱਕ ਕਾਨੂੰਨੀ ਦਸਤਾਵੇਜ਼ ਹੁੰਦਾ ਹੈ ਜੋ ਇੱਕ ਵਿਅਕਤੀ (ਜਿਸ ਨੂੰ 'ਅਟਾਰਨੀ' ਕਿਹਾ ਜਾਂਦਾ ਹੈ) ਨੂੰ ਕਿਸੇ ਅਜਿਹੇ ਵਿਅਕਤੀਆਂ ਲਈ ਫ਼ੈਸਲੇ ਲੈਣ ਦਾ ਅਧਿਕਾਰ ਦਿੰਦਾ ਹੈ, ਜੋ ਆਪਣੇ ਫ਼ੈਸਲੇ ਆਪ ਨਹੀਂ ਲੈ ਸਕਦੇ।

ਇੱਕ ਅਟਾਰਨੀ ਹੋਣਾ ਇੱਕ ਮਹੱਤਵਪੂਰਣ ਤੇ ਵਡਮੁੱਲੀ ਭੂਮਿਕਾ ਹੈ, ਜਿਸ ਦਾ ਅਰਥ ਹੈ ਕਿ ਤੁਹਾਡੇ ਉਤੇ ਕਿਸੇ ਦੇ ਭਵਿੱਖ ਦੇ ਜੀਵਨ ਦੀਆਂ ਇੱਛਾਵਾਂ ਅਤੇ/ਜਾਂ ਉਨ੍ਹਾਂ ਦੇ ਵਿੱਤੀ ਮਾਮਲਿਆਂ ਤੇ ਉਨ੍ਹਾਂ ਵੱਲੋਂ ਸੰਭਾਲ਼ ਕੇ ਰੱਖੀਆਂ ਗਈਆਂ ਕੀਮਤੀ ਵਸਤਾਂ, ਜਿਵੇਂ ਕਿ ਉਨ੍ਹਾਂ ਦੇ ਧਨ, ਮਕਾਨ ਤੇ ਹੋਰ ਸਬੰਧਤ ਵਸਤਾਂ ਦੀ ਰਾਖੀ ਕਰਨ ਦਾ ਭਰੋਸਾ ਕੀਤਾ ਗਿਆ ਹੈ।

ਇੱਕ ਸਥਾਈ ਮੁਖ਼ਤਿਆਰ-ਨਾਮਾ (ਈ ਪੀ ਏ – EPA) ਜ਼ਰੂਰ ਹੀ ਉਸ ਵਿਅਕਤੀ-ਜਿਸ ਨੂੰ 'ਦਾਨੀ' ਕਿਹਾ ਜਾਂਦਾ ਹੈ, ਸਾਹਮਣੇ ਸਥਾਪਤ ਕੀਤਾ ਜਾਵੇ – ਤੇ ਜਿਸ ਨੂੰ ਅਜਿਹੇ ਦਸਤਾਵੇਜ਼ ਦੀ ਲੋੜ ਹੈ, ਅਤੇ ਭਾਵੇਂ ਕਿ ਉਨ੍ਹਾਂ 'ਚ ਆਪਣੇ ਫ਼ੈਸਲੇ ਆਪ ਲੈਣ ਦੀ ਮਾਨਸਿਕ ਸਮਰੱਥਾ ਮੌਜੂਦ ਹੁੰਦੀ ਹੈ। ਦਾਨੀ ਦੇ ਬਿਹਤਰ ਹਿਤਾਂ ਲਈ ਕੰਮ ਕਰਨਾ ਇੱਕ ਅਟਾਰਨੀ ਦੀ ਭੂਮਿਕਾ ਦਾ ਸਭ ਤੋਂ ਵੱਧ ਮਹੱਤਵਪੂਰਣ ਹਿੱਸਾ ਹੁੰਦਾ ਹੈ।

ਈ ਪੀ ਏ (EPA) ਦੋ ਕਿਸਮ ਦੇ ਹੁੰਦੇ ਹਨ ਅਤੇ ਤੁਸੀਂ ਇੱਕ ਜਾਂ ਦੋਵਾਂ ਲਈ ਅਟਾਰਨੀ ਹੋ ਸਕਦੇ ਹੋ:

- ਜਾਇਦਾਦ (PROPERTY) – ਇੱਕ ਦਾਨੀ ਦੇ ਇਸ ਇੱਕ ਜਾਂ ਕਈ ਅਟਾਰਨੀ ਹੋ ਸਕਦੇ ਹਨ, ਜਿਵੇਂ ਕਿ ਲੋਕ ਜਾਂ ਇੱਕ ਟਰੱਸਟੀ ਕਾਰਪੋਰੇਸ਼ਨ (ਕਿਸੇ ਜਨਤਕ ਟਰੱਸਟ ਵਾਂਗ) ਹੋ ਸਕਦਾ ਹੈ, ਅਤੇ ਇਹ ਦਾਨੀ ਦੇ ਮਾਨਸਿਕ ਸਮਰੱਥਾ ਗੁਆਉਣ ਤੋਂ ਪਹਿਲਾਂ ਸਰਗਰਮ (ਐਕਟੀਵੇਟ) ਹੋ ਸਕਦਾ ਹੈ।
- ਨਿਜੀ ਦੇਖਭਾਲ ਅਤੇ ਕਲਿਆਣ (PERSONAL CARE AND WELFARE) – ਇਸ ਕਿਸਮ ਦੇ ਈ ਪੀ ਏ (EPA) ਨੂੰ ਕੇਵਲ ਇੱਕੋ ਅਟਾਰਨੀ ਲੈ ਸਕਦਾ ਹੈ, ਅਤੇ ਇਹ ਇੱਕ ਟਰੱਸਟੀ ਕਾਰਪੋਰੇਸ਼ਨ ਹੋ ਸਕਦਾ ਹੈ। ਇਹ ਕੇਵਲ ਤਦ ਹੀ ਸਰਗਰਮ ਹੁੰਦਾ ਹੈ ਜਦੋਂ ਦਾਨੀ ਨੂੰ ਕੋਈ ਮੈਡੀਕਲ ਪ੍ਰੋਫ਼ੈਸ਼ਨਲ ਮਾਨਸਿਕ ਤੌਰ 'ਤੇ ਅਸਮਰੱਥ ਕਰਾਰ ਦੇ ਦੇਵੇ।

ਦਾਨੀ ਈ ਪੀ ਏ (EPA) ਵਿੱਚ ਹੋਰਨਾਂ ਲੋਕਾਂ ਦੇ ਨਾਂਅ ਵੀ ਲੈ ਸਕਦਾ ਹੈ ਕਿ ਜਿਨ੍ਹਾਂ ਨਾਲ਼ ਤੁਹਾਨੂੰ ਕੋਈ ਫ਼ੈਸਲੇ ਲੈਂਦੇ ਸਮੇਂ ਉਨ੍ਹਾਂ ਨਾਲ ਗੱਲ ਕਰਨ ਦੀ ਜ਼ਰੂਰਤ ਹੋਵੇ।

ਮੈਨੂੰ ਕੀ ਕਰਨਾ ਹੋਵੇਗਾ?

ਈ ਪੀ ਏ (EPA) ਦੇ ਹੋਂਦ ਵਿਚ ਆਉਣ ਤੋਂ ਬਾਅਦ, ਤੁਹਾਨੂੰ ਦਾਨੀ ਲਈ ਫ਼ੈਸਲੇ ਲੈਣ ਦਾ ਅਧਿਕਾਰ ਹੁੰਦਾ ਹੈ। ਤੁਸੀ ਕਿ ਕਰੋਗੇ, ਤੇ ਦਾਨੀ ਤੁਹਾਡੇ ਤੋਂ ਕੀ ਕਰਾਉਣਾ ਚਾਹੁੰਦਾ ਹੈ, ਇਹ ਸਭ ਈ ਪੀ ਏ (EPA) ਦੀ ਕਿਸਮ ਤੇ ਨਿਰਭਰ ਕਰਦਾ ਹੈ.

ਇੱਕ **ਸੰਪਤੀ ਈ ਪੀ ਏ (EPA)** ਲਈ ਤੁਹਾਨੂੰ ਇਹ ਕਰਨ ਦੀ ਜ਼ਰੂਰਤ ਹੋਵੇਗੀ:

- ਬਿਲਾਂ ਦਾ ਭੁਗਤਾਨ ਕਰਨਾ ਅਤੇ ਬੈਂਕ ਖਾਤਿਆਂ ਦੀ ਦੇਖਭਾਲ ਕਰਨਾ, ਸੰਪਤੀ ਜਾਂ ਸ਼ੇਅਰਾਂ ਦਾ ਰੱਖ-ਰਖਾਅ ਕਰਨਾ ਜਾਂ ਵੇਚਣਾ ਅਤੇ ਉਨ੍ਹਾਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਪੂਰਿਆਂ ਕਰਨਾ ਜੋ ਈ ਪੀ ਏ 'ਚ ਲਿਖੀਆਂ ਹੋਈਆਂ ਹਨ।

ਨਿਜੀ ਸੰਭਾਲ ਤੇ ਕਲਿਆਣ ਈ ਪੀ ਏ (EPA) ਲਈ ਤੁਹਾਨੂੰ ਇਹ ਕਰਨ ਦੀ ਜ਼ਰੂਰਤ ਹੋਵੇਗੀ:

- ਮੈਡੀਕਲ ਦੇਖਭਾਲ, ਨਿਵਾਸ-ਸਥਾਨ, ਅਤੇ ਆਮ ਤੰਦਰੁਸਤੀ ਜਿਹੇ ਮਾਮਲਿਆਂ ਬਾਰੇ ਫ਼ੈਸਲਾ ਲੈਣਾ। ਪਰ ਤੁਸੀਂ ਵਿਆਹ, ਤਲਾਕ ਜਾਂ ਬੱਚਾ ਗੋਦ ਲੈਣ, ਜਾਂ ਜੀਵਨ-ਬਚਾਊ ਮੈਡੀਕਲ ਇਲਾਜ ਤੋਂ ਇਨਕਾਰ ਲੈਣ ਜਿਹੇ ਫ਼ੈਸਲੇ ਨਹੀਂ ਲੈ ਸਕਦੇ ।

ਤੁਹਾਨੂੰ ਜ਼ਰੂਰ ਹੀ ਦਾਨੀ ਨਾਲ ਅਤੇ ਈ ਪੀ ਏ (EPA) 'ਚ ਦਰਸਾਏ ਕਿਸੇ ਵੀ ਹੋਰ ਵਿਅਕਤੀ ਨਾਲ ਸਲਾਹ ਕਰਨੀ ਹੋਵੇਗੀ, ਅਤੇ ਜੇ ਤੁਸੀਂ ਸੰਪਤੀ ਅਟਾਰਨੀ ਹੋ, ਤਾਂ ਤੁਹਾਨੂੰ ਵਧੀਆ ਢੰਗ ਨਾਲ ਵਿੱਤੀ ਰਿਕਾਰਡ ਰੱਖਣੇ ਹੋਣਗੇ। ਇਹ ਵੀ ਮਹੱਤਵਪੂਰਣ ਹੁੰਦਾ ਹੈ ਕਿ ਜਿੰਨਾ ਵੀ ਵੱਧ ਤੋਂ ਵੱਧ ਸੰਭਵ ਹੋ ਸਕੇ, ਫ਼ੈਸਲੇ ਲੈਣ ਵਿੱਚ ਦਾਨੀ ਦੇ ਸ਼ਾਮਲ ਹੋਣ 'ਚ ਤੁਸੀਂ ਮਦਦ ਕਰੋਂ।

ਜੇ ਹੋਰ ਅਟਾਰਨੀ ਵੀ ਹੋਣ ਤਾਂ ਤੁਹਾਨੂੰ ਉਨ੍ਹਾਂ ਨਾਲ ਕੰਮ ਕਰਨ ਅਤੇ ਨਿਯਮਤ ਤੌਰ 'ਤੇ ਇੱਕ-ਦੂਜੇ ਨਾਲ ਸਲਾਹ-ਮਸ਼ਵਰਾ ਕਰਨ ਦੀ ਜ਼ਰੂਰਤ ਹੁੰਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਸੁਨੇਹਾ ਠੀਕ ਤਰ੍ਹਾਂ ਨਾ ਮਿਲਣ ਨਾਲ ਕਿਤੇ ਦਾਨੀ ਦੇ ਹਿਤ ਪ੍ਰਭਾਵਿਤ ਨਾ ਹੋ ਜਾਣ।

ਈ ਪੀ ਏ (EPA) ਕਦੋਂ ਲਾਗੂ ਹੁੰਦਾ ਹੈ?

ਇੱਕ ਈ ਪੀ ਏ (EPA) ਕੇਵਲ ਉਦੋਂ ਹੀ ਲਾਗੂ ਹੋਵੇਗਾ ਜਦੋਂ ਇੱਕ ਮੈਡੀਕਲ ਪ੍ਰੋਫ਼ੈਸ਼ਨਲ ਜਾਂ ਪਰਿਵਾਰਕ ਅਦਾਲਤ ਇਹ ਫ਼ੈਸਲਾ ਦੇ ਦੇਵੇ ਕਿ ਦਾਨੀ ਮਾਨਸਿਕ ਤੌਰ 'ਤੇ ਅਸਮਰੱਥ ਹੈ। ਫਿਰ ਵੀ, ਜਾਇਦਾਦ ਲਈ, ਈ ਪੀ ਏ (EPA) ਉਸ ਹਾਲਤ ਵਿੱਚ ਵੀ ਪ੍ਰਭਾਵੀ ਹੋ ਸਕਦਾ ਹੈ ਜਦੋਂ ਕਿ ਦਾਨੀ ਮਾਨਸਿਕ ਤੌਰ 'ਤੇ ਸਮਰੱਥ ਹੁੰਦਾ ਹੈ ਅਤੇ ਉਸ ਹਾਲਤ 'ਚ ਜਾਰੀ ਰਹਿੰਦਾ ਹੈ ਜੇ ਦਾਨੀ ਉਹ ਸਮਰੱਥਾ ਗੁਆ ਬੈਠੇ।

ਕੀ ਕੋਈ ਇਹ ਯਕੀਨੀ ਬਣਾਉਣ ਲਈ ਚੈਕ ਕਰੇਗਾ ਕਿ ਮੈਂ ਸਭ ਕੁੱਝ ਠੀਕਠਾਕ ਕਰ ਰਿਹਾ ਹਾਂ?

ਤੁਹਾਡਾ ਇਹ ਕਾਨੂੰਨੀ ਫ਼ਰਜ਼ ਹੈ ਕਿ ਤੁਸੀਂ ਜਿੰਨਾ ਵੀ ਵੱਧ ਤੋਂ ਵੱਧ ਸੰਭਵ ਹੋ ਸਕੇ ਦਾਨੀ ਨਾਲ ਸਲਾਹ-ਮਸ਼ਵਰਾ ਕਰੋਂ, ਅਤੇ ਕਿਸੇ ਅਜਿਹੇ ਵਿਅਕਤੀ ਤੋਂ ਮਸ਼ਵਰਾ ਲਵੋਂ ਜਿਸ ਦਾ ਨਾਮ ਈ ਪੀ ਏ (EPA) 'ਚ ਦਰਜ ਹੈ। ਤੁਹਾਨੂੰ ਦਾਨੀ ਵੱਲੋਂ ਨਿਸ਼ਚਤ ਕੀਤੇ ਵਿਅਕਤੀਆਂ ਨੂੰ ਆਪਣੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦੇਣ ਦੀ ਜ਼ਰੂਰਤ ਵੀ ਹੋ ਸਕਦੀ ਹੈ, ਤਾਂ ਜੋ ਉਹ ਤੁਹਾਡੇ ਫ਼ੈਸਲਿਆਂ 'ਤੇ ਨਜ਼ਰ ਰੱਖ ਸਕਣ।

ਪਰਿਵਾਰਕ ਅਦਾਲਤ ਤੁਹਾਡੀ ਕਾਰਗੁਜ਼ਾਰੀ ਦੀ ਸਮੀਖਿਆ ਕਰ ਸਕਦੀ ਹੈ ਅਤੇ ਜੇ ਕੋਈ ਅਰਜ਼ੀ ਅਦਾਲਤ 'ਚ ਦਾਖ਼ਲ ਕੀਤੀ ਜਾਵੇ, ਤਾਂ ਉਹ ਈ ਪੀ ਏ ਦੀਆਂ ਸ਼ਰਤਾਂ ਵੀ ਬਦਲ ਸਕਦੀ ਹੈ।

ਈ ਪੀ ਏ (EPA) ਕਦੋਂ ਖ਼ਤਮ ਹੁੰਦਾ ਹੈ?

ਦਾਨੀ ਕੋਈ ਤਬਦੀਲੀ ਵੀ ਕਰ ਸਕਦਾ ਹੈ, ਖ਼ਤਮ ਕਰ ਸਕਦਾ ਹੈ ਜਾਂ ਕੋਈ ਨਵਾਂ ਈ ਪੀ ਏ (EPA) ਬਣਾ ਸਕਦਾ ਹੈ ਜੇ ਉਹ ਹਾਲੇ ਵੀ ਮਾਨਸਿਕ ਤੌਰ 'ਤੇ ਸਮਰੱਥ ਹੈ। ਤੁਸੀਂ ਉਸ ਹਾਲਤ ਵਿੱਚ ਵੀ ਇੱਕ ਅਟਾਰਨੀ ਵਜੋਂ ਆਪਣੀ ਭੂਮਿਕਾ ਗੁਆ ਲਵੋਗੇ ਜੇ ਤੁਹਾਡਾ ਦੇਹਾਂਤ ਹੋ ਜਾਂਦਾ ਹੈ, ਤੁਸੀਂ ਦੀਵਾਲੀਆ ਹੋ ਜਾਂਦੇ ਹੋ, ਜਾਂ ਜੇ ਪਰਿਵਾਰਕ ਅਦਾਲਤ ਤੁਹਾਡੀ ਨਿਯੁਕਤੀ ਰੱਦ ਕਰ ਦਿੰਦੀ ਹੈ। ਜੇ ਉਸ ਹਾਲਤ ਵਿੱਚ ਅਟਾਰਨੀ ਨਹੀਂ ਰਹਿੰਦੇ ਜੇ ਦਾਨੀ ਦਾ ਦੇਹਾਂਤ ਹੋ ਜਾਂਦਾ ਹੈ। ਜੇ ਤੁਸੀਂ ਹੋਰ ਸਮੇਂ ਲਈ ਅਟਾਰਨੀ ਨਹੀਂ ਰਹਿਣਾ ਚਾਹੁੰਦੇ, ਤਾਂ ਤੁਸੀਂ ਇਸ ਬਾਰੇ ਦਾਨੀ ਨੂੰ ਉਸ ਹਾਲਤ 'ਚ ਲਿਖਤੀ ਤੌਰ 'ਤੇ ਦੱਸ ਸਕਦੇ ਹੋ, ਜਦੋਂ ਦਾਨੀ ਹਾਲੇ ਵੀ ਮਾਨਸਿਕ ਤੌਰ 'ਤੇ ਸਮਰੱਥ ਹੋਵੇ, ਜਾਂ ਜੇ ਦਾਨੀ ਆਪਣੀ ਸਮਰੱਥਾ ਗੁਆ ਚੁੱਕਾ ਹੈ ਤਾਂ ਤੁਸੀਂ ਪਰਿਵਾਰਕ ਅਦਾਲਤ 'ਚ ਜਾ ਸਕਦੇ ਹੋ।

ਮੈਨੂੰ ਮਦਦ ਕਿੱਥੋਂ ਮਿਲ ਸਕਦੀ ਹੈ?

ਕੋਈ ਅਜਿਹੇ ਵੀ ਸਮੇਂ ਹੋ ਸਕਦੇ ਹਨ ਜਦੋਂ ਤੁਹਾਨੂੰ ਸਹਾਇਤਾ ਅਤੇ ਸਲਾਹ ਦੀ ਜ਼ਰੂਰਤ ਹੋਵੇ। ਤੁਸੀਂ ਹੋਰ ਵਧੇਰੇ ਜਾਣਕਾਰੀ ਲਈ www.msd.govt.nz/epa ਉਤੇ ਜਾਵੋ ਜਾਂ ਕਮਿਊਨਿਟੀ ਲਾੱਅ ਸੈਂਟਰ ਜਾਓ। ਜੇ ਤੁਹਾਨੂੰ ਈ ਪੀ ਏ (EPA) ਦੀਆਂ ਹਦਾਇਤਾਂ ਦੀ ਪਾਲਣਾ ਕਰਨ ਵਿੱਚ ਕੋਈ ਔਖ ਪੇਸ਼ ਆ ਰਹੀ ਹੋਵੇ ਤਾਂ ਤੁਸੀਂ ਨਿਰਦੇਸ਼ਾਂ ਲਈ ਪਰਿਵਾਰਕ ਅਦਾਲਤ ਤੋਂ ਵੀ ਪੁੱਛ ਸਕਦੇ ਹੋ।

ਕੀ ਮੈਨੂੰ ਵੀ ਇੱਕ ਈ ਪੀ ਏ (EPA) ਦੀ ਜ਼ਰੂਰਤ ਹੈ?

ਜੀ ਹਾਂ। ਇਹ ਤੁਹਾਡਾ ਭਵਿੱਖ ਸੁਰੱਖਿਅਤ ਰੱਖਣ ਬਾਰੇ ਹੈ, ਅਤੇ ਮੰਦੇਭਾਗੀਂ, ਤੁਹਾਨੂੰ ਕਦੇ ਪਤਾ ਨਹੀਂ ਹੁੰਦਾ ਕਿ ਤੁਹਾਨੂੰ ਇਹ ਵਰਤਣ ਦੀ ਜ਼ਰੂਰਤ ਪੈ ਜਾਵੇ। ਜੇ ਪਹਿਲਾਂ ਤੁਹਾਡੇ ਕੋਲ ਨਹੀਂ ਹੈ, ਤਾਂ ਹੁਣ ਇਹ ਸਮਾਂ ਹੈ ਕਿ ਤੁਸੀਂ ਉਸ ਵਿਅਕਤੀ ਨੂੰ ਚੁਣ ਲਵੋਂ ਜਿਸ ਬਾਰੇ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਲਈ ਫ਼ੈਸਲੇ ਲਵੇ, ਜੇ ਤੁਸੀਂ ਕਿਸੇ ਕਾਰਣ ਕਰ ਕੇ ਆਪਣੇ-ਆਪ ਬਾਰੇ ਫ਼ੈਸਲਾ ਨਹੀਂ ਲੈ ਸਕਦੇ।

ਮੈਂ ਹੋਰ ਜਾਣਕਾਰੀ ਕਿੱਥੋਂ ਲੈ ਸਕਦਾ ਹਾਂ?

ਹੋਰ ਜਾਣਕਾਰੀ, ਸਲਾਹ ਅਤੇ ਈ ਪੀ ਏ (EPA) ਸਮਾਜ ਵਿਕਾਸ ਮੰਤਰਾਲੇ ਦੀ ਵੈਬਸਾਈਟ www.msd.govt.nz/epa ਉਤੇ ਲੱਭੀ ਜਾ ਸਕਦਾ ਹੈ, ਜਾਂ ਇਸ ਲਈ ਤੁਸੀਂ ਸਥਾਨਕ ਸਿਟੀਜ਼ਨਸ ਐਡਵਾਈਸ ਬਿਊਰੋ, ਜਨਤਕ ਲਾਇਬਰੇਰੀ, ਕਮਿਊਨਿਟੀ ਲਾੱਅ ਸੈਂਟਰ, ਜਾਂ ਏਜ ਕਨਸਰਨ ਜਾ ਸਕਦੇ ਹੋ, ਜਾਂ ਤੁਸੀਂ ਆਪਣੇ ਕਾਨੂੰਨੀ ਪ੍ਰੋਫ਼ੈਸ਼ਨਲ ਨਾਲ ਸੰਪਰਕ ਕਰ ਸਕਦੇ ਹੋ।

ਜਾਣਕਾਰੀ 0800 273 674 ਉਤੇ ਕਾੱਲ ਕਰਨ 'ਤੇ ਵੀ ਉਪਲਬਧ ਹੁੰਦੀ ਹੈ।

Protect your Future
msd.govt.nz/epa

New Zealand Government

OFFICE FOR SENIOR CITIZENS
TE TARI KAUMĀTUA
Administered by the Ministry of Social Development

Punjabi